ਅਪ੍ਰੈਲ 2, 2020 (ਨਿਊ ਯਾਰ੍ਕ, NY) -- ਮਾਰਚ 27, 2020 ਨੂੰ ਪ੍ਰੈਸੀਡੈਂਟ ਟਰੰਪ ਨੇ ਬਾਈ-ਪਾਰਟੀਸਨ ਕੋਰੋਨਾ ਵਾਇਰਸ ਏਡ, ਰਿਲੀਫ਼, ਅਤੇ ਇਕੋਨਾਮਿਕ ਸਿਕਉਰਿਟੀ (CARES) ਐਕਟ ਤੇ ਦਸਤਖ਼ਤ ਕਰ ਦਿੱਤੇ ਹਨ| ਇਸ ਐਕਟ ਦਾ ਮਕਸਦ ਉਹਨਾਂ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਰਾਹਤ ਪਹੁੰਚਾਉਣਾ ਹੈ ਜੋ ਕਿ COVID-19 ਮਹਾਂਮਾਰੀ ਤੋਂ ਪ੍ਰਭਾਵਿਤ ਹੋਏ ਹਨ. ਇਹ ਫੈਡਰਲ ਕਾਨੂੰਨ ਕੁਛ ਦਿਨ ਪਹਿਲਾਂ ਆਈ ਫੈਮਿਲਿਜ਼ ਫ਼ਿਰਸਟ ਕੋਰੋਨਾ ਵਾਇਰਸ ਰਿਸਪੌਂਸ ਐਕਟ ਨੂੰ ਹੋਰ ਮਜਬੂਤ ਕਰਦਿਆਂ ਹੋਈਆਂ COVID-19 ਲਈ ਹੋਰ ਮੁਫ਼ਤ ਟੈਸਟ ਅਤੇ ਪਹਿਲਾਂ ਨਾਲੋਂ ਜ਼ਿਆਦਾ ਬੇਰੋਜ਼ਗਾਰੀ ਬੇਨੇਫਿਟ ਮੁਹਈਆ ਕਰਵਾਉਂਦਾ ਹੈ| ਅਮਰੀਕਾ ਦੇ ਇਤਿਹਾਸ ਵਿਚ ਇਹ ਅੱਜ ਤਕ ਦਾ ਸਭ ਤੋਂ ਵੱਡਾ ਵਿੱਤੀ ਮੱਦਦ ਦੇਣ ਲਈ ਬਣਿਆ ਕਾਨੂੰਨ ਹੈ| ਜਿਵੇਂ ਜਿਵੇਂ ਹੋਰ ਬਿੱਲ ਸਾਹਮਣੇ ਆਉਣਗੇ, ਅੱਸੀ ਹੋਰ ਜਾਣਕਾਰੀ ਸਾਂਝੀ ਰਹਾਂਗੇ|

ਹੇਠਾਂ ਇਕ ਉੱਚ ਪੱਧਰ ਦਾ ਸਾਰ ਹੈ ਜੋ ਕਿ ਇਹ ਸਮਝਾਉਂਦਾ ਹੈ ਕਿ ਫੈਡਰਲ CARES ਐਕਟ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕਿ ਮਤਲਬ ਰੱਖਦਾ ਹੈ|

**ਨਾਗਰਿਕਤਾ ਤੇ ਅਸਰ**

ਪ੍ਰਵਾਸੀਆਂ ਨੂੰ ਇਸ ਗੱਲ ਦਾ ਧਿਆਨ ਰੱਖਣ ਦੀ ਲੋਡ ਹੈ ਕਿ CARES ਐਕਟ ਅਤੇ Families First ਐਕਟ ਤੋਂ ਇਲਾਵਾ ਜੇ ਤੁਸੀਂ ਕਿਸੇ ਕਿਸਮ ਦੇ ਫੈਡਰਲ ਬੇਨੇਫਿਟਸ ਦਾ ਲਾਭ ਲੈਂਦੇ ਹੋ ਤਾਂ ਉਸ ਦਾ ਅਸਰ ਭਵਿੱਖ ਵਿਚ ਲੱਗਣ ਵਾਲਿਆਂ ਤੁਹਾਡੀਆਂ ਵੀਸਾ ਅਤੇ ਨਾਗਰਿਕਤਾ ਦੀਆਂ ਅਰਜ਼ੀਆਂ ਤੇ ਪੈ ਸਕਦਾ ਹੈ| U.S. Citizenship and Immigration Services (USCIS) ਨੇ ਪਬਲਿਕ ਚਾਰਜ ਰੂਲ ਤੇ ਕੁਛ ਜਾਣਕਾਰੀ ਜਾਰੀ ਕਿੱਤੀ ਹੈ ਅਤੇ ਇਹ ਸਟੇਟਮੈਂਟ ਜਾਰੀ ਕੀਤੀ ਹੈ| ਅਸੀਂ ਸਲਾਹ ਦੇਂਦੇ ਹਾਂ ਕਿ ਜੇ ਤੁਸੀਂ ਸਿਟੀਜ਼ਨ ਨਹੀਂ ਹੋ ਤਾਂ ਇਕ ਵਾਰ ਆਪਣੇ ਇਮੀਗ੍ਰੇਸ਼ਨ ਵਕੀਲ ਜਾਂ ਪਬਲਿਕ ਸਹਾਇਤਾ ਪ੍ਰੋਗਰਾਮ ਜੋ ਕਿ ਤੁਹਾਨੂੰ ਸਲਾਹ ਦੇ ਸਕਦੇ ਹਨ ਕਿ ਤੁਸੀਂ ਕਿੰਨਾ ਲਾਭਾਂ ਦੇ ਯੋਗ ਹੋ ਅਤੇ ਉਹ ਤੁਹਾਡੇ ਇਮੀਗ੍ਰੇਸ਼ਨ ਸਥਿਤੀ ਤੇ ਕਿ ਪ੍ਰਭਾਵ ਪਾ ਸਕਦੇ ਹਨ|

**ਨਕਦ ਭੁਗਤਾਨ**

**CARES** ਐਕਟ ਅਮਰੀਕੀਆਂ ਨੂੰ ਇਕ ਵਾਰ ਲਈ ਟੈਕਸ ਤੋਂ ਮੁਕਤ ਰਕਮ ਚੈੱਕ ਰਾਹੀਂ ਮੁਹਈਆ ਕਰਵਾਏਗੀ| ਇਫ ਚੈੱਕ ਅਪ੍ਰੈਲ ਵਿਚ ਤੁਹਾਡੇ ਕੋਲ ਪਹੁੰਚਣਗੇ| ਤੁਹਾਂਨੂੰ ਇਸ ਲਈ ਕਿੱਸੇ ਤਰਾਂਹ ਦੀ ਅਰਜ਼ੀ ਲਾਉਣ ਦੀ ਲੋਡ ਨਹੀਂ ਹੈ| ਜੇ ਤੁਸੀਂ 2018 ਜਾਂ 2019 ਵਿਚ ਇੰਕਮ ਟੈਕਸ ਭਰਿਆ ਹੈ, ਜੇ ਤੁਹਾਡੇ ਕੋਲ ਸੋਸ਼ਲ ਸਿਕਉਰਿਟੀ ਨੰਬਰ ਹੈ, ਅਤੇ ਤੁਸੋ IRS ਦੀ ਰਿਹਾਇਸ਼ੀ ਲੋੜਾਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਤੁਹਾਡਾ ਭੁਗਤਾਨ ਆਪਣੇ ਆਪ ਭੇਜ ਦਿੱਤਾ ਜਾਵੇਗਾ| ਜੇ ਤੁਹਾਡੇ ਕੋਲ ਗ੍ਰੀਨ ਕਾਰਡ ਹੈ ਅਤੇ ਤੁਸੀਂ ਇਹਨਾਂ ਸਾਰੀਆਂ ਲੋੜਾਂ ਨੂੰ ਪੂਰਾ ਕਰਦੇ ਹੋ ਤਾਂ ਤੁਸੀਂ ਵੀ ਇਸ ਭੁਗਤਾਨ ਦੇ ਹੱਕਦਾਰ ਹੋਵੋਗੇ| ਉਹ ਲੋਕ ਜਿਹਨਾਂ ਕੋਲ ਸੋਸ਼ਲ ਸਿਕਉਰਿਟੀ ਨੰਬਰ ਨਹੀਂ ਹੈਂ, ਜਿਵੇਂ ਕਿ ਉਹ ਲੁੱਕ ਜਿਹਨਾਂ ਕੋਲ "Individual Taxpayer Identification Number (ITINs)" ਹਨ, ਉਹਨਾਂ ਨੂੰ ਇਹ ਭੁਗਤਾਨ ਨਹੀਂ ਮਿਲੇਗਾ ਭਾਵੇਂ ਉਹਨਾਂ ਦੇ ਪਰਿਵਾਰ ਦੇ ਕੁਛ ਮੈਂਬਰਾਂ ਕੋਲ ਸੋਸ਼ਲ ਸਿਕਉਰਿਟੀ ਨੰਬਰ ਹਨ ਜੋ ਕਿ ਰੁਜ਼ਗਾਰ ਲਈ ਵੈਧ ਹਨ| ਜੇ IRS ਕੋਲ ਤੁਹਾਡੇ ਬੈਂਕ ਦੇ ਖਾਤੇ ਦੀ ਜਾਣਕਾਰੀ ਨਹੀਂ ਹੈ, ਫਿਰ ਤੁਹਾਨੂੰ ਉਹਨਾਂ ਵੱਲੋ ਇਕ ਚਿੱਠੀ ਆ ਸਕਦੀ ਹੈ ਜਿਸ ਵਿਚ ਜਾਣਕਾਰੀ ਹੋਏਗੀ ਕਿ ਤੁਹਾਨੂੰ ਤੁਹਾਡਾ ਭੁਗਤਾਨ ਕਿਵੇਂ ਮਿਲੇਗਾ|

ਜਿਹਨਾਂ ਲੋਕਾਂ ਦੀ ਕੁਲ ਆਮਦਨ $75,000 ਹੈ ਉਹਨਾਂ ਨੂੰ $1,200 ਦਾ ਚੈੱਕ ਮਿਲੇਗਾ, ਅਤੇ 16 ਸਾਲ ਜਾਂ ਉਸਤੋਂ ਘੱਟ ਉਮਰ ਦੇ ਹਰ ਬੱਚੇ ਲਈ ਹੋਰ $500 ਮਿਲਣਗੇ। ਵਿਆਹੇ ਜੋੜੇ ਜਿਹਨਾਂ ਦੀ ਕੁਲ ਆਮਦਨ $150,000 ਹੈ ਉਹਨਾਂ ਨੂੰ $2400 ਮਿਲਣਗੇ ਅਤੇ 16 ਸਾਲ ਜਾਂ ਉਸਤੋਂ ਘੱਟ ਉਮਰ ਦੇ ਹਰ ਬੱਚੇ ਲਈ ਹੋਰ $500 ਮਿਲਣਗੇ। ਜਿਹੜੇ ਬੱਚਿਆਂ ਨੂੰ ਤੁਸੀਂ ਆਪਣੇ ਤੇ ਨਿਰਭਰ ਦੱਸ ਕੇ ਉਹਨਾਂ ਲਈ $500 ਮੰਗ ਰਹੇ ਹੋ ਉਹਨਾਂ ਬੱਚਿਆਂ ਕੋਲ ਵੈਧ ਸੋਸ਼ਲ ਸਿਕਉਰਿਟੀ ਨੰਬਰ ਹੋਣਾ ਜ਼ਰੂਰੀ ਹੈ। ਜੋ ਲੋਕ ਇਕੱਲੇ ਹਨ ਅਤੇ ਉਹਨਾਂ ਦੀ ਕੁਲ ਆਮਦਨ $99,000 ਹੈ ਅਤੇ ਵਿਆਹੇ ਜੋੜੇ ਜਿਹਨਾਂ ਦੀ ਕੁਲ ਆਮਦਨ $198,000 ਉਹਨਾਂ ਨੂੰ ਘੱਟਵੇਂ ਪੈਮਾਨੇ ਦੇ ਹਿਸਾਬ ਨਾਲ ਭੁਗਤਾਨ ਮਿਲੇਗਾ। ਜ਼ਿਆਦਾ ਤਰ ਲੋਕਾਂ ਨੂੰ ਭੁਗਤਾਨ ਸਿੱਧਾ ਬੈਂਕ ਦੇ ਖਾਤੇ ਰਾਹੀਂ ਆਏਗਾ, ਡਾਕ ਰਾਹੀਂ ਆਉਣ ਵਾਲੇ ਚੈੱਕ ਜ਼ਿਆਦਾ ਟੀਮ ਲੈ ਸਕਦੇ ਹਨ।

ਜੇ ਤੁਹਾਡੀ ਆਮਦਨ 2018 ਦੇ ਮੁਕਾਬਲੇ 2019 ਵਿਚ ਘੱਟ ਗਈ ਹੈ, ਤਾਂ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ 2019 ਦੀ ਆਪਣੀ ਟੈਕਸ ਰਿਟਰਨ ਭਰ ਦਵੋ। ਉਹ ਲੋਕ ਜੋ 2018 ਅਤੇ 2019 ਵਿਚ ਬਹੁਤ ਜ਼ਿਆਦਾ ਪੈਸੇ ਕਮਾਉਂਦੇ ਸਨ ਪਰ ਹੁਣ ਉਹਨਾਂ ਦੀ ਨੌਕਰੀ ਛੁਟ ਗਈ ਹੈ, ਉਹਨਾਂ ਨੂੰ ਰਾਹਤ ਲਈ ਮਿਲਣ ਵਾਲੇ ਭੁਗਤਾਨ ਨਹੀਂ ਦਿੱਤੇ ਜਾਣਗੇ। ਬਲਕਿ ਉਹਨਾਂ ਨੂੰ 2020 ਦੇ ਟੈਕਸ ਭਰਨ ਲੱਗਿਆਂ ਰਿਬੇਟ ਜਾਂ ਛੋਟ ਦਿੱਤੀ ਜਾਵੇਗੀ। ਜੋ ਲੋਕ ਸੋਸ਼ਲ ਸਿਕਉਰਿਟੀ ਤੇ ਹਨ ਉਹ ਇਸ ਰਾਹਤ ਭੁਗਤਾਨ ਦੇ ਯੋਗ ਹੋਣਗੇ ਜੇ ਉਹਨਾਂ ਦੀ ਕੁਲ ਆਮਦਨ ਉਪਰ ਦੱਸੀਆਂ ਸੀਮਾਵਾਂ ਤੋਂ ਘੱਟ ਹੈ। ਘੱਟ ਆਮਦਨ ਵਾਲੇ ਲੋਕ ਜੋ ਸੋਸ਼ਲ ਸਿਕਉਰਿਟੀ ਤੇ ਹਨ, ਉਹਨਾਂ ਨੂੰ ਟੈਕਸ ਰਿਟਰਨ ਭਰਨ ਦੀ ਲੋਡ ਨਹੀਂ ਹੈ। ਜੇ ਉਹਨਾਂ ਨੂੰ SSA-1099 ਫ਼ਾਰਮ ਮਿਲਿਆ ਹੈ, ਫੈਡਰਲ ਸਰਕਾਰ ਉਹਨਾਂ ਨੂੰ ਉਸੇ ਤਰਾਂਹ ਭੁਗਤਾਨ ਕਰੇਗੀ ਜਿਸ ਤਰੀਕੇ ਨਾਲ ਉਹਨਾਂ ਨੂੰ ਸੋਸ਼ਲ ਸਿਕਉਰਿਟੀ ਦੇ ਭੁਗਤਾਨ ਕਿੱਤੇ ਜਾਂਦੇ ਹਨ। ਜੋ ਲੋਕ ਰਿਟਾਇਰ ਹਨ ਜਾਂ ਅਪਾਹਜ ਹਨ ਉਹ ਵੀ ਇਸ ਖ਼ਾਸ ਭੁਗਤਾਨ ਦੇ ਯੋਗ ਹਨ।

**ਬਿਮਾਰੀ ਕਰਕੇ ਲਈਆਂ ਛੁੱਟੀਆਂ ਅਤੇ ਡਾਕਟਰੀ ਦੇਖਭਾਲ**

ਬਿਮਾਰੀ ਕਰਕੇ ਲਈਆਂ ਛੁੱਟੀਆਂ ਨੂੰ Families First Act ਹੇਠਾਂ ਵਧਾਇਆ ਗਿਆ ਸੀ, ਅਤੇ CARES Act ਨੇ ਕੁਝ ਖ਼ਾਸ ਲੋਕਾਂ ਲਈ ਹੋਰ ਜਾਣਕਾਰੀ ਦਿੱਤੀ ਹੈ। ਜੋ ਲੋਕ ਮਾਰਚ 1, 2020 ਨੂੰ ਜਾਂ ਉਸ ਤੋਂ ਬਾਅਦ ਨੌਕਰੀ ਤੋਂ ਕੱਢੇ ਗਏ ਹਨ, ਜੋ ਕਿ ਨੌਕਰੀ ਤੋਂ ਕੱਢੇ ਜਾਂ ਤੋਂ ਪਹਿਲਾਂ ਦੇ 60 ਦਿਨਾਂ ਵਿਚੋਂ ਘਟੋ ਘੱਟ 30 ਦਿਨਾਂ ਲਈ ਕੰਮ ਕਰ ਰਹੇ ਸਨ ਅਤੇ ਦੁਬਾਰਾ ਉੱਸੇ ਮਾਲਕ ਵੱਲੋਂ ਕੰਮ ਤੇ ਲਾਏਗਾ ਜਿਸ ਕੋਲ ਪਹਿਲਾਂ ਕੰਮ ਕਰ ਰਹੇ ਸੀ ਉਹ ਲੋਕ ਹੁਣ ਬਿਮਾਰ ਹੋਣ ਤੇ ਤਨਖਾਹ ਦੇ ਨਾਲ ਐਮਰਜੈਂਸੀ ਛੁਟੀ ਲੈਣ ਦੇ ਯੋਗ ਹਨ।

COVID-19 ਦੇ ਸਾਰੇ ਟੈਸਟ ਅਤੇ ਸੰਭਾਵਿਤ ਵੈਕਸੀਨ ਜਾਂ ਟੀਕਿਆਂ ਦਾ ਖਰਚਾ ਮਰੀਜ਼ ਨੂੰ ਨਹੀਂ ਚੁੱਕਣਾ ਪਵੇਗਾ। CARES ਐਕਟ ਨੇ ਟੈਕਸ ਤੋਂ ਮੁਕਤ ਖਾਤਿਆਂ ਲਈ ਵੀ ਖਾਸ ਲਾਭ ਪ੍ਰਦਾਨ ਕਿੱਤੇ ਹਨ। ਹੈਲਥ ਸੇਵਿੰਗ ਅਕਾਊਂਟ (HSA), ਫਲੈਕਸੀਬਲ ਸਪੈਂਡਿੰਗ ਅਕਾਊਂਟ (FSA) ਜਾਂ ਹੈਲਥ ਰੀਇਮਬਰਸਮੈਂਟ ਅਰੇਂਜਮੈਂਟ (HRA) ਹੁਣ ਕਾਊਂਟਰ ਤੇ ਮਿਲਣ ਵਾਲਿਆਂ ਦਵਾਇਆਂ ਬਿੰਨਾ ਡਾਕਟਰ ਦੀ ਪਰਚੀ ਦੇ ਲੈ ਸਕਦੇ ਹਨ। ਨਾਲ ਹੀ, ਜਿਹਨਾਂ ਦੇ ਹੈਲਥ ਪਲਾਨ ਜ਼ਿਆਦਾ ਡਿਡਕ੍ਰਿਬਲ ਵਾਲੇ ਹਨ, ਉਹ ਹੁਣ HSA ਦੀ ਵਰਤੋਂ ਬਿਨਾਂ ਡਿਡਕ੍ਰਿਬਲ ਤੱਕ ਪਹੁੰਚੇ ਟੈਲੀ ਹੈਲਥ ਨੂੰ ਕਵਰ ਕਰਨ ਲਈ ਕਰ ਸਕਦੇ ਹਨ। ਇਸ ਤੋਂ ਪਹਿਲਾਂ ਆਏ ਕਾਨੂੰਨ ਵਿਚ ਬਿਮਾਰੀ ਕਰਕੇ ਲਈਆਂ ਛੁੱਟੀਆਂ ਅਤੇ ਡਾਕਟਰੀ ਦੇਖਭਾਲ  ਬਾਰੇ ਕਿ ਕਿ ਪਾਸ ਹੋਇਆ ਸੀ ਉਸਦੀ ਜਾਣਕਾਰੀ ਲੈਣ ਲਈ ਕਿਰਪਾ ਕਰ ਕੇ ਸਾਡੇ ਫੈਮਿਲਿਜ਼ ਫਰਸਟ ਐਕਟ ਦੇ ਵਿਸ਼ਲੇਸ਼ਣ ਨੂੰ ਜ਼ਰੂਰ ਪੜ੍ਹੋ।

**ਛੋਟੇ ਕਾਰੋਬਾਰਾਂ ਲਈ ਸਪੋਰਟ**

ਲਾਗੂ ਹੋਣ ਤੇ ਛੋਟੇ ਕਾਰੋਬਾਰਾਂ, ਕੁਝ ਖ਼ਾਸ ਕਿਸਮ ਦੀਆਂ ਗੈਰ ਮੁਨਾਫ਼ਾ ਸੰਸਥਾਵਾਂ, ਅਤੇ ਹੋਰ ਮਾਲਕਾਂ ਲਈ ਕਾਫੀ ਨਵੇਂ ਸਰੋਤ ਉਪਲੱਭਦ ਹੋਣਗੇ। U.S. Senate Committee on Small Business and Entrepreneurship ਵਲੋਂ ਇਹ ਗਾਈਡ ਜਾਰੀ ਕਿੱਤੀ ਗਈ ਹੈ ਜੋ ਕਿ "Small Business Administration (SBA)" ਵਲੋਂ ਜਲਦ ਹੀ ਉਪਲੱਭਦ ਹੋਣ ਵਾਲ਼ੇ ਵੱਡੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਮੁਹਈਆ ਕਰਵਾਉਂਦੀ ਹੈ। ਇਸ ਵਿਚ ਕੁਝ ਟੈਕਸ ਬਾਰੇ ਵੀ ਜਾਣਕਾਰੀ ਹੈ ਜੋ ਕਿ SBA ਦੇ ਅੱਡ ਹਨ।

**ਰਿਟਾਇਰਮੈਂਟ ਫੰਡ**

ਜੇ ਕਿਸੇ ਸਥਿਤੀ ਵਿਚ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ COVID-19 ਮਹਾਂਮਾਰੀ ਦੇ ਦੌਰਾਨ ਰਿਟਾਇਰਮੈਂਟ ਫੰਡ ਵਿਚੋਂ ਪੈਸੇ ਕੱਢਵਾਉਣ ਦੀ ਲੋੜ ਪੈਂਦੀ ਹੈ, ਤਾਂ ਇਸ ਕ਼ਾਨੂਨ ਨੇ ਆਮ ਤੌਰ ਤੇ ਲੱਗਣ ਵਾਲੀ 10% ਪਨੈਲਟੀ ਮੁਆਫ ਕਰ ਦਿੱਤੀ ਹੈ। ਤੁਸੀਂ $100,000 ਤੱਕ ਬਿੰਨਾ ਕਿਸੇ ਪਨੈਲਟੀ ਦੇ ਪੈਸੇ ਕੱਢਵਾ ਸਕਦੇ ਹੋ। ਇਹ ਜਨਵਰੀ 1, 2020 ਤੋਂ ਬਾਅਦ ਹੋਣ ਵਾਲੇ ਲੈਣ ਦੇਣ ਨੂੰ ਵੀ ਇਸ ਵਿਚ ਸ਼ਾਮਿਲ ਕਰਦਾ ਹੈ ਅਤੇ ਇਸ ਦੀ ਵੈਧਤਾ ਦਸੰਬਰ 31, 2020 ਤੱਕ ਦੀ ਹੈ। ਪੈਸੇ ਕੱਢੇ ਜਾਣ ਤੇ ਜੋ ਅਮੂਮਨ ਟੈਕਸ ਲੱਗਦਾ ਹੈ ਉਹ ਫਿਲਹਾਲ ਲਗੇਗਾ, ਪਰ ਜੇ ਤੁਸੀਂ 3 ਸਾਲਾਂ ਵਿਚ ਪੈਸੇ ਵਾਪਿਸ ਜਮਾਂ ਕਰ ਦੇਂਦੇ ਹੋ ਫਿਰ ਤੁਹਾਨੂੰ ਟੈਕਸ ਨਹੀਂ ਦੇਣਾ ਪਏਗਾ। ਇਸਦੇ ਨਾਲ ਨਾਲ 401(k) ਦੇ ਕਰਜ਼ ਦੀ ਦਰ $50,000 ਤੋਂ ਵਧਾਕੇ $100,000 ਕਰ ਦਿੱਤੀ ਗਈ ਹੈ।

ਜੋ ਲੋਕ ਰਿਟਾਇਰ ਹਨ ਉਹਨਾਂ ਨੂੰ 2020 ਲਈ ਆਪਣੇ IRAs ਅਤੇ 401(k) ਪਲਾਨਾਂ (72 ਸਾਲ ਦੀ ਉਮਰ ਤੇ) ਦੀ Required Minimum Distributions (RMDs) ਦੀ ਬਰਾਬਰੀ ਕਰਨ ਦੀ ਲੋੜ ਨਹੀਂ ਹੈ। ਇਸ ਨਾਲ ਉਹਨਾਂ ਖਾਤਿਆਂ ਨੂੰ ਸਟਾਕ ਮਾਰਕੀਟ ਦੀ ਗਿਰਾਵਟ ਤੋਂ ਉਭਰਣ ਦਾ ਹੋਰ ਸਮਾਂ ਮਿਲ ਜਾਵੇਗਾ। ਜੋ ਰਿਟਾਇਰ ਹੋਏ ਲੋਕ ਆਪਣੇ ਖਾਤਿਆਂ ਨੂੰ ਫਿਲਹਾਲ ਬਿੰਨਾ ਛੇੜੇ ਛੱਡ ਸਕਦੇ ਹਨ ਉਹਨਾਂ ਨੂੰ ਬਹੁਤ ਜ਼ਯਾਦਾ ਲੋੜ ਪੈਣ ਤੇ ਟੈਕਸ ਨਹੀਂ ਦੇਣਾ ਪਏਗਾ।

**ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਲਈ ਰਾਹਤ**

ਉਹ ਮਕਾਨ ਮਾਲਕ ਜੋ FHA, USDA, VA ਨਾਲ ਜੁੜੇ ਹਨ ਅਤੇ ਜਿਹਨਾਂ ਦੇ ਮੋਰਟਗੇਜ Fannie Mae ਜਾਂ Freddie Mac ਵੱਲੋਂ ਹਨ, ਉਹਨਾਂ ਕੋਲ ਹੱਕ ਹੈ ਕਿ ਉਹ ਕੰਪਨੀਆਂ ਕੋਲੋਂ 6 ਮਹੀਨੇ ਤੱਕ ਭੁਗਤਾਨ ਦੀਆਂ ਕਿਸ਼ਤਾਂ ਤੇ ਏਕ੍ਸਟੈਂਸ਼ਨ ਜਾਂ ਫੋਰਬੀਅਰੈਂਸ (forbearance) ਮੰਗ ਸੱਕਣ। ਹੋ ਸਕਦਾ ਹੈ ਕਿ ਇਸਨੂੰ 6 ਮਹੀਨੇ ਹੋਰ ਵਧਾਇਆ ਜਾ ਸਕੇ ਉਹ ਵੀ ਬਿਨਾਂ ਕਿਸੇ ਫੀਸ, ਪਨੈਲ੍ਟੀ, ਜਾਂ ਵਾਧੂ ਵਿਆਜ ਦੇ। ਮਕਾਨ ਮਾਲਕਾਂ ਨੂੰ ਆਪਣੀ ਮੋਰਟਗੇਜ ਕੰਪਨੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੋ ਕਿਰਾਏਦਾਰ ਪਬਲਿਕ ਜਾਂ ਅੱਸੀਸਟੇਡ ਹਾਊਸਿੰਗ (assisted housing), ਜਾਂ ਫਿਰ ਕਿਸੇ ਐਸੇ ਘਰ ਜਾਂ ਅਪਾਰਟਮੈਂਟ ਵਿਚ ਰਹਿੰਦੇ ਹਨ ਜਿਸਦੀ ਮੋਰਟਗੇਜ ਫੈਡਰਲ ਸਰਕਾਰ ਦੁਆਰਾ ਹੋਈ ਹੋਵੇ ਅਤੇ ਉਹ ਆਪਣਾ ਕਿਰਾਇਆ ਦੇਣ ਵਿਚ ਅਸਮਰਥ ਹੋਣ ਉਹਨਾਂ ਨੂੰ 4 ਮਹੀਨਿਆਂ ਤੱਕ ਘਰੋਂ ਨਹੀਂ ਕੱਢਿਆ ਜਾ ਸਕਦਾ। ਮਕਾਨ ਮਾਲਕ ਵੀ ਜਗਾਹ ਖਾਲੀ ਕਰਨ ਲਈ 30 ਦਿਨਾਂ ਦੇ ਨੋਟਿਸ ਦੇਣ ਤੋਂ ਵਰਜਿਤ ਹਨ ਜਿੰਨਾ ਚਿਰ 4 ਮਹੀਨੇ ਦਾ ਮੁਅੱਤਲ ਸਮਾਂ ਪੂਰਾ ਨਹੀਂ ਹੋ ਜਾਂਦਾ। ਇਹ ਸੁਰੱਖਿਆ ਦੇ ਹੇਠਾਂ ਉਹ ਪ੍ਰਾਪਰਟੀਆਂ

ਆਉਂਦੀਆਂ ਹਨ ਜਿਹੜੀਆਂ ਫੈਡਰਲ ਸੁਬਸੀਡੀ ਜਿਵੇਂ ਕਿ ਪਬਲਿਕ ਹਾਊਸਿੰਗ ਲੈਂਦੀਆਂ ਹਨ, ਸੈਕਸ਼ਨ 8 ਅੱਸੀਸਟੈਂਸ, USDA ਰੂਰਲ ਹਾਊਸਿੰਗ ਪ੍ਰੋਗਰਾਮ ਅਤੇ ਫੈਡਰਲ ਸਰਕਾਰ ਵੱਲੋਂ ਕਿੱਤਿਆਂ ਗਈਆਂ ਮੋਰਟਗੇਜ।
ਜਿਹਨਾਂ ਕਿਰਾਏਦਾਰਾਂ ਦੇ ਮਕਾਨ ਮਾਲਕ ਮੁਅਤਲ ਸਮੇਂ ਦੀ ਪਾਲਣਾ ਨਹੀਂ ਕਰਦੇ ਉਹਨਾਂ ਨੂੰ ਵਾਜਬ ਫੈਡਰਲ ਏਜੇਂਸੀ ਜੋ ਕਿ ਹਾਊਸਿੰਗ ਪ੍ਰੋਗਰਾਮ ਦੇ ਮਸਲਿਆਂ ਨੂੰ ਵੇਖਦੀ ਹੈ ਜਾਂ ਆਪਣੇ ਇਲਾਕੇ ਦੇ ਲੀਗਲ ਏਡ ਦਫ਼ਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਘੱਟ ਆਮਦਨ ਵਾਲੇ ਅਮਰੀਕੀ ਵੀ ਘਰ ਨੂੰ ਗਰਮ ਜਾਂ ਠੰਡਾ ਕਰਨ ਲਈ ਐਨਰਜੀ ਅੱਸੀਸਟੈਂਸ ਪ੍ਰੋਗਰਾਮ ਨਾਲ ਮੱਦਦ ਦੀ ਮੰਗ ਸਕਦੇ ਹਨ। ਆਪਣੀ ਸਟੇਟ ਦੇ Low Income Home Energy Assistance Program (LIHEAP) ਬਾਰੇ ਹੋਰ ਜਾਣਕਾਰੀ ਲੈਣ ਲਈ ਇਥੇ ਜਾਓ।

**ਵਿਦਿਆਰਥੀਆਂ ਲਈ ਸਹਾਇਤਾ**

ਫੈਡਰਲ ਸਟੂਡੈਂਟ ਕਰਜ਼ ਦੀਆਂ ਕਿਸ਼ਤਾਂ ਨੂੰ ਅਕਤੂਬਰ 2020 ਤੱਕ ਬਿਨਾਂ ਕਿਸੇ ਵਿਆਜ ਦੇ ਮੁਲਤਵੀ ਕਰ ਦਿੱਤਾ ਗਿਆ ਹੈ। ਕਰਜ਼ਦਾਰਾਂ ਦੇ ਕਰੈਡਿਟ ਤੇ ਇਸਦਾ ਕਿਸੇ ਕਿਸਮ ਦਾ ਕੋਈ ਅਸਰ ਨਹੀਂ ਹੋਵੇਗਾ। ਇਸ ਮੁਲਤਵ ਦਾ ਕਰਜ਼ ਮੁਆਫੀ ਪ੍ਰੋਗਰਾਮਾਂ ਵੱਲ ਵੀ ਕਿੱਸੇ ਕਿਸਮ ਦਾ ਅਸਰ ਨਹੀਂ ਹੋਵੇਗਾ। ਪ੍ਰਾਈਵੇਟ ਕਰਜ਼ਿਆਂ ਦੀਆਂ ਕਿਸ਼ਤਾਂ ਤੇ ਇਸ ਦਾ ਕੋਈ ਪ੍ਰਭਾਵ ਨਹੀਂ ਹੈ। ਉਸਦੀਆਂ ਕਿਸ਼ਤਾਂ ਕਰਜ਼ਦਾਰਾਂ ਨੂੰ ਚੁਕਾਣੀਆਂ ਪੈਣਗੀਆਂ। ਇਸ ਪ੍ਰੋਗਰਾਮ ਦੇ ਲਾਗੂ ਹੋਣ ਤੇ ਅਰਜ਼ੀ ਲਾਉਣ ਬਾਰੇ ਅਤੇ ਅਗਲੇ ਕਦਮਾਂ ਤੇ ਹੋਰ ਜਾਣਕਾਰੀ ਲੈਣ ਲਈ ਕਿਰਪਾ ਕਰ ਕੇ U.S. Department of Education ਦੀ ਵੈਬਸਾਈਟ ਤੇ ਜਾਓ।

ਧਿਆਨ ਦਵੋ ਕਿ ਕਾਲਜਾਂ ਦੇ ਵਿਦਿਆਰਥੀਆਂ ਨੂੰ ਇਕ ਵਾਰ ਮਿਲਣ ਵਾਲਾ ਟੈਕਸ ਮੁਕਤ ਚੈੱਕ ਨਹੀਂ ਮਿਲੇਗਾ ਜੇ ਕਿਸੇ ਨੇ ਆਪਣੀ ਟੈਕਸ ਰਿਟਰਨ ਤੇ ਉਹਨਾਂ ਨੂੰ ਆਪਣੇ ਤੇ ਨਿਰਭਰ ਹੋਣ ਦਾ ਦਾਵਾ ਕਿੱਤਾ ਹੈ। ਆਮ ਤੌਰ ਤੇ 24 ਸਾਲ ਤੋਂ ਘਾਟ ਉਮਰ ਦੇ ਵਿਦਿਆਰਥੀਆਂ ਨੂੰ IRS ਆਪਣੇ ਮਾਂ ਪੀਓ ਤੇ ਨਿਰਭਰ ਮੰਨਦੀ ਹੈ ਜੇ ਮਾਂ ਪਿਓ ਘੱਟੋ ਘੱਟ ਉਸਦੇ ਅੱਧੇ ਖਰਚੇ ਦੇਂਦੇ ਹੋਣ।

**ਕੁਝ ਹੋਰ ਬੇਰੋਜ਼ਗਾਰੀ ਬੇਨੇਫਿਟ**

CARES ਐਕਟ ਨੇ ਹਰ ਕਰਮਚਾਰੀ ਜੋ ਕਿ ਸਟੇਟ ਜਾਂ ਫੈਡਰਲ ਬੇਰੋਜ਼ਗਾਰੀ ਭਤੇ ਦੇ ਯੋਗ ਹੈ ਲਈ ਬੇਰੋਜ਼ਗਾਰੀ ਭੱਤਾ $600 ਪ੍ਰਤੀ ਹਫਤਾ ਹੋਰ ਵਧਾ ਦਿੱਤਾ ਹੈ। ਆਮ ਤੌਰ ਤੇ ਟਿਪ ਤੇ ਕੰਮ ਕਰਨ ਵਾਲੇ ਕਰਮਚਾਰੀ, ਗਿਗ ਏਕੋਨੋਮੀ ਕਰਮਚਾਰੀ (Gig Economy Worker), ਅਤੇ ਸੈਲਫ ਏਮਪਲੋਏਡ ਵਰਕਰ (Self Employed Worker) ਇਸ ਬੇਰੋਜ਼ਗਾਰੀ ਭੱਤੇ ਲਈ ਯੋਗ ਨਹੀਂ ਮੰਨੇ ਜਾਣਗੇ, ਬੁੱਤ ਉਹ ਦੂੱਜੇ ਕਈ ਪ੍ਰੋਗਰਾਮਾਂ ਦੇ ਯੋਗ ਹੋ ਸਕਦੇ ਹਨ। ਬੇਰੋਜ਼ਗਾਰੀ ਬੀਮੇ ਦੇ ਯੋਗ ਹੋਣ ਲਈ ਹਰ ਸਟੇਟ ਦੀ ਕੱਮ ਦੇ ਇਤਿਹਾਸ ਦੀਆਂ ਲੋੜਾਂ ਵੱਖ ਵੱਖ ਹੁੰਦੀਆਂ ਹਨ, ਪਰ ਇਹ ਨਵਾਂ ਕਾਨੂੰਨ ਇਕ ਹਫਤੇ ਦੀ ਉਡੀਕ ਸਮੇਂ ਤੋਂ ਛੋਟ ਦੇਂਦਾ ਹੈ ਅਤੇ ਹੋਰ 13 ਹਫਤਿਆਂ ਲਈ ਬੇਨੇਫਿਟ ਮੁਹਈਆ ਕਰਵਾਉਂਦਾ ਹੈ। ਸਟੇਟ ਦੇ ਹੋਰ ਦੂੱਜੇ ਬੇਨੇਫਿਟਸ ਜਿੰਨਾ ਦੇ ਤੁਸੀਂ ਯੋਗ ਹੋ ਸਕਦੇ ਹੋ ਬਾਰੇ ਹੋਰ ਜਾਣਕਾਰੀ ਲੈਣ ਲਈ, ਸਾਡਾ ਸਟੇਟ ਬੇਨੇਫਿਟ ਦਾ ਪੇਜ ਵੇਖੋ।

ਬੇਰੋਜ਼ਗਾਰੀ ਬੀਮਾ (Unemployement Insurance UI) ਇਕ ਫੈਡਰਲ ਪ੍ਰੋਗਰਾਮ ਹੈ ਜੋ ਕਿ ਉਹਨਾਂ ਪ੍ਰਵਾਸੀਆਂ ਲਈ ਹੈ ਜੋ ਅਮਰੀਕਾ ਵਿਚ ਕੰਮ ਕਰਨ ਲਈ ਅਧਿਕਾਰਿਤ ਹਨ। ਇਸ ਵਿਚ DACA ਅਤੇ TPS ਪ੍ਰਾਪਤ ਕਰਨ ਵਾਲੇ ਜੋ ਕਿ ਫਿਲਹਾਲ ਕੰਮ

ਕਰਨ ਲਈ ਅਧਿਕਾਰਿਤ ਹਨ ਵੀ ਸ਼ਾਮਿਲ ਹਨ। ਇਸ ਵਿਚ ਉਹ ਕਰਮਚਾਰੀ ਸ਼ਾਮਿਲ ਨਹੀਂ ਹਨ ਜਿੰਨਾ ਕੋਲ ਪੱਕੇ ਕਾਗਜ਼ ਨਹੀਂ ਹਨ ਜਾਂ ਉਹ ਲੋਕ ਜਿੰਨਾ ਕੋਲ ਕੰਮ ਕਰਨ ਦਾ ਪਰਮਿਟ ਨਹੀਂ ਹੈ। ਬੇਰੋਜ਼ਗਾਰੀ ਭੱਤਾ ਲੈਣ ਦਾ ਤੁਹਾਡੀ ਇਮੀਗ੍ਰੇਸ਼ਨ ਦੀਆਂ ਅਰਜ਼ੀਆਂ ਤੇ ਕਿੱਸੇ ਤਰਾਂਹ ਦਾ ਬੁਰਾ ਪ੍ਰਭਾਵ ਨਹੀਂ ਪਏਗਾ।

ਇਸ ਨਵੇਂ ਕਾਨੂੰਨ ਨਾਲ ਇਕ ਨਵਾਂ ਪ੍ਰੋਗਰਾਮ ਜਿਸਦਾ ਨਾਂ ਹੈ ਮਹਾਂਮਾਰੀ ਬੇਰੋਜ਼ਗਾਰੀ ਮਦਦ (Pandemic Unemployment Assistance - PUA) ਵੀ ਸ਼ੁਰੂ ਕਿੱਤਾ ਹੈ। ਇਸਦਾ ਮਕਸਦ ਉਹਨਾਂ ਨੂੰ ਮਦਦ ਪਹੁੰਚਾਉਣਾ ਹੈ ਜੋ ਕਿ Self Employed ਅਤੇ Independent Contractor ਹਨ ਅਤੇ ਬੇਰੋਜ਼ਗਾਰ ਹਨ ਜਾਂ ਮਹਾਂਮਾਰੀ ਕਰ ਕੇ ਕੰਮ ਨਹੀਂ ਕਰ ਸਕਦੇ। ਇਹ ਕਾਮੇ ਜਨਵਰੀ 27, 2020 ਤੋਂ ਬੇਨੇਫਿਟ ਲੈਣ ਦੇ ਯੋਗ ਹਨ ਅਤੇ ਵੱਧ ਤੋਂ ਵੱਧ 39 ਹਫਤਿਆਂ ਤੱਕ ਇਹਨਾਂ ਦਾ ਫਾਇਦਾ ਉਠਾ ਸਕਦੇ ਹਨ। ਪਰ, ਇਹ ਪ੍ਰੋਗਰਾਮ ਵੀ ਉਹਨਾਂ ਨੂੰ ਕੋਈ ਲਾਭ ਨਹੀਂ ਦੇਂਦਾ ਜਿਹਨਾਂ ਕੋਲ ਪੱਕੇ ਕਾਗਜ਼ ਨਹੀਂ ਹਨ। Taxi, Uber, and Lyft drivers; Grubhub and Postmate deliverers; Airbnb hosts; ਅਤੇ ਬਾਕੀ gig-economy workers ਅਤੇ freelance workers ਵੀ ਇਹਨਾਂ ਲਾਭਾਂ ਦੇ ਯੋਗ ਹੋਣਗੇ। ਇਹ ਲੋਕ ਕਿੰਨੇ ਪੈਸੇ ਲੈਣ ਦੇ ਯੋਗ ਹੋਣਗੇ ਇਹ ਗੱਲ ਉਹਨਾਂ ਦੀ ਪਿਛਲੀ ਆਮਦਨ ਅਤੇ ਸਟੇਟ ਦੇ ਬੇਰੋਜ਼ਗਾਰੀ ਕਾਨੂੰਨ ਤੇ ਨਿਰਭਰ ਕਰਦਾ ਹੈ। ਇਸ ਦੇ ਨਾਲ ਨਾਲ ਸ਼ਹਿਰਾਂ ਨੇ Gig Workers ਲਈ ਰਿਲੀਫ ਫੰਡ ਬਣਾਏ ਹਨ, ਕਈ ਆਪਸੀ ਸਹਾਇਤਾ ਗਰੁੱਪ ਵੀ ਇਹਨਾਂ ਦੀ ਮਦਦ ਕਰਨ ਲਈ ਸਾਹਮਣੇ ਆਏ ਹਨ, ਅਤੇ ਕੁਛ ਕੰਪਨੀਆਂ ਜਿਹੜੀਆਂ ਉਹਨਾਂ ਦੀਆਂ ਸੇਵਾਵਾਂ ਵਰਤਦਿਆਂ ਹਨ ਮਦਦ ਕਰਨ ਲਈ ਅੱਗੇ ਆਇਆਂ ਹਨ।
ਕਿਰਪਾ ਕਰਕੇ ਆਨ ਵਾਲੇ ਅਗਲੇ ਕੁਝ ਦਿਨਾਂ ਵਿੱਚ ਸਾਡੀ ਟੀਮ ਤੋਂ ਹੋਰ COVID-19 ਨਾਲ ਸਬੰਧਿਤ ਸਰੋਤਾਂ ਦੀ ਉਮੀਦ ਕਰ ਸਕਦੇ ਹੋ, ਜਿਸ ਵਿੱਚ COVID-19 ਫੈਡਰਲ ਐਮਰਜੈਂਸੀ ਫੰਡਾਂ ਅਤੇ ਕਾਨੂੰਨ ਦੇ ਲਾਗੂ ਹੋਣ ਤੇ ਅਪਡੇਟ ਅਤੇ ਵਾਧੂ ਜਾਣਕਾਰੀ ਸ਼ਾਮਲ ਹੋਣਗੇ।

ਹਮੇਸ਼ਾਂ ਦੀ ਤਰਾਂਹ ਅਸੀਂ ਤੁਹਾਨੂੰ ਤਾਕੀਦ ਕਰਦੇ ਹਾਂ ਕਿ ਤੁਸੀਂ ਆਪਣੇ ਧਰਮ ਦਾ ਅਭਿਆਸ ਨਿਡਰ ਹੋਕੇ ਕਰੋ।